Child Development Resource Connection Peel

INFO Peel



# ਗੁਣਵਤਾ ਭਰਪੂਰ ਬਾਲ ਸੰਭਾਲ ਦੀ ਚੋਣ ਕਰਨ ਵਾਸਤੇ ਇੱਕ ਗਾਈਡ

ਬੱਚਿਆਂ ਦੀ ਦੇਖਭਾਲ ਦੀ ਚੋਣ ਕਰਦੇ ਸਮੇਂ ਪਰਿਵਾਰਾਂ ਕੋਲ ਸੋਚਣ ਲਈ ਬਹੁਤ ਕੁਝ ਹੁੰਦਾ ਹੈ ਜੋ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ ਅਤੇ ਤਰਜੀਹਾਂ ਨੂੰ ਪੂਰਾ ਕਰਦਾ ਹੈ।

ਇਸ ਗਾਈਡ ਵਿੱਚ, ਤੁਹਾਡੇ ਲਈ ਚਾਰ ਸਰਲ ਪੜਾਅ ਦਿੱਤੇ ਹਨ ਜੋ ਕਿ ਵਧੀਆ ਚਾਈਲਡ ਕੇਅਰ ਪ੍ਰੋਗਰਾਮ ਲੱਭਣ ਅਤੇ ਸੋਚ ਸਮਝ ਕੇ ਫ਼ੈਸਲਾ ਕਰਨ ਲਈ ਮਦਦ ਕਰਦੇ ਹਨ।

1. ਆਪਣੀਆਂ ਲੋੜਾਂ ਨੂੰ ਪਛਾਣੋ
2. ਜਾਣਕਾਰੀ ਲਵੋ
3. ਕਾਲ ਕਰੋ ਅਤੇ ਵਿਜ਼ਿਟ ਕਰੋ
4. ਆਪਣਾ ਫ਼ੈਸਲਾ ਲਵੋ

# ਪੜਾਅ 1

## ਆਪਣੀਆਂ ਲੋੜਾਂ ਨੂੰ ਪਛਾਣੋ

ਚਾਈਲਡ ਕੇਅਰ ਲੱਭਣ ਤੋਂ ਪਹਿਲਾਂ, ਤੁਹਾਡੇ ਪਰਿਵਾਰ ਦੀਆਂ ਚਾਈਲਡ ਕੇਅਰ ਲੋੜਾਂ ਨੂੰ ਸਮਝਣ ਜ਼ਰੂਰੀ ਹੈ। ਤੁਸੀਂ ਇਹਨਾਂ ਗੱਲਾਂ ਬਾਰੇ ਵਿਚਾਰ ਕਰਨਾ ਚਾਹ ਸਕਦੇ ਹੋ:

- ਕੀ ਤੁਹਾਨੂੰ ਅਜਿਹੇ ਪ੍ਰੋਗਰਾਮ ਦੇ ਥਾਂ ਦੀ ਲੋੜ ਹੈ, ਜੋ ਕਿ ਤੁਹਾਡੇ ਘਰ, ਕਾਰਜ-ਸਥਾਨ, ਤੁਹਾਡੇ ਬੱਚੇ ਦੇ ਸਕੂਲ ਜਾਂ ਬੱਸ ਰੂਟ ਦੇ ਨੇੜੇ ਹੋਵੇ?
- ਕਿਹੜੇ ਮੁੱਲ ਤੁਹਾਡੇ ਪਾਲਣ-ਪੋਸ਼ਣ ਦੇ ਸਟਾਈਲ ਨਾਲ ਮੇਲ ਖਾਂਦੇ ਹਨ ਅਤੇ ਤੁਹਾਡੇ ਬੱਚੇ ਲਈ ਸਭ ਤੋਂ ਵਧੀਆ ਰਹਿਣਗੇ?
- ਤੁਹਾਨੂੰ ਕਿਹੜੇ ਘੰਟਿਆਂ ਲਈ ਸੰਭਾਲ ਦੀ ਲੋੜ ਹੁੰਦੀ ਹੈ? ਕਿਹੜੇ ਦਿਨ? ਕੀ ਓਵਰ-ਟਾਈਮ ਜਾਂ ਸ਼ਿਫ਼ਟ ਦੇ ਕੰਮ ਕਰਕੇ ਤੁਹਾਨੂੰ ਵੱਧ-ਘੱਟ ਘੰਟਿਆਂ ਦੀ ਲੋੜ ਹੈ?
- ਕੀ ਤੁਹਾਨੂੰ ਸਕੂਲ ਤੋਂ ਪਹਿਲਾਂ ਜਾਂ ਬਾਅਦ ਕੇਅਰ ਦੀ ਲੋੜ ਹੈ? ਕੀ ਤੁਹਾਨੂੰ ਸਕੂਲ ਬੰਦ ਹੋਣ ਦੌਰਾਨ, ਛੁੱਟੀਆਂ ਵਿੱਚ, ਲੰਚ ਪ੍ਰੋਗਰਾਮ ਜਾਂ ਸ਼ਾਮਾਂ ਦੌਰਾਨ ਸੰਭਾਲ ਦੀ ਲੋੜ ਹੁੰਦੀ ਹੈ?
- ਜੇ ਇੱਕੋ ਪ੍ਰੋਗਰਾਮ ਵਿੱਚ ਤੁਹਾਡੇ ਇੱਕ ਤੋਂ ਵੱਧ ਬੱਚੇ ਹੋਣ ਤਾਂ ਕੋਈ ਛੋਟ ਮਿਲਦੀ ਹੈ?
- ਕਿ ਤੁਹਾਡੇ ਬੱਚੇ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ ਜਿਵੇਂ ਕਿ ਭੋਜਨ, ਸਰੀਰਕ ਜਾਂ ਵਿਕਾਸ ਸੰਬੰਧੀ ਸਹਾਇਤਾ?
- ਕੀ ਤੁਸੀਂ ਚਾਈਲਡ ਕੇਅਰ ਸਬਸਿਡੀ ਦੀ ਵਰਤੋਂ ਕਰੋਗੇ? ਕੀ ਪ੍ਰੋਗਰਾਮ ਚਾਈਲਡ ਕੇਅਰ ਸਬਸਿਡੀ ਮਨਜ਼ੂਰ ਕਰਦਾ ਹੈ?

# ਪੜਾਅ 2

# ਜਾਣਕਾਰੀ ਲਵੋ

## ਤਿੰਨ ਕਿਸਮ ਦੇ ਚਾਈਲਡ ਕੇਅਰ ਹਨ:

| | ਲਸੰਸਸ਼ੁਦਾ ਚਲਾਈਡ ਕੇਅਰ ਸੈਂਟਰ | ਲਸੰਸਸ਼ੁਦਾ ਹੋਮ ਚਲਾਈਡ ਕੇਅਰ | ਗ਼ੈਰ-ਲਸੰਸੀ ਹੋਮ ਚਲਾਈਡ ਕੇਅਰ |
|---|---|---|---|
| **ਸੈਟਿੰਗ** | ਸੈਂਟਰ | ਪ੍ਰਾਈਵੇਟ ਰਿਹਾਇਸ਼ / ਘਰ | ਪ੍ਰਾਈਵੇਟ ਰਿਹਾਇਸ਼ / ਘਰ |
| **ਉਮਰ ਗਰੁੱਪ** | ਉਮਰ ਦੇ ਹਿਸਾਬ ਨਾਲ ਵੰਡੇ ਗਏ ਬੱਚੇ:<br>**ਨਿਆਣੇ**<br>(18 ਮਹੀਨਿਆਂ ਤੋਂ ਛੋਟੇ)<br>**ਟੌਡਲਰ (ਰੁੜ੍ਹਨ ਵਾਲੇ ਬੱਚੇ)**<br>(18 ਤੋਂ 30 ਮਹੀਨੇ)<br>**ਪ੍ਰੀ-ਸਕੂਲ**<br>(30 ਮਹੀਨਿਆਂ ਤੋਂ 6 ਸਾਲ)<br>**ਕਿੰਡਰਗਾਰਡਨ**<br>(44 ਮਹੀਨਿਆਂ ਤੋਂ 7 ਸਾਲ)<br>**ਪ੍ਰਾਇਮਰੀ ਅਤੇ ਜੂਨੀਅਰ ਸਕੂਲ ਉਮਰ**<br>(68 ਮਹੀਨਿਆਂ ਤੋਂ 13 ਸਾਲ) | ਇੱਕ ਗਰੁੱਪ ਵਿੱਚ ਵੱਖ-ਵੱਖ ਉਮਰਾਂ ਦੇ ਬੱਚੇ | ਇੱਕ ਗਰੁੱਪ ਵਿੱਚ ਵੱਖ-ਵੱਖ ਉਮਰਾਂ ਦੇ ਬੱਚੇ |
| **ਲਸੰਸ ਲੈਣਾ, ਨਿਗਰਾਨੀ ਕਰਨਾ, ਅਤੇ ਜਾਂਚ ਕਰਨਾ** | ਸਿੱਖਿਆ ਮੰਤਰਾਲਾ (Ministry of Education) ਲਸੰਸ ਦਿੰਦੀ ਹੈ, ਅਤੇ ਜਨਤਕ ਸਿਹਤ (Public Health) ਦੇ ਨਾਲ ਚਾਈਲਡ ਕੇਅਰ ਸੈਂਟਰਾਂ ਦੀ ਨਿਗਰਾਨੀ ਅਤੇ ਜਾਂਚ ਕਰਦੀ ਹੈ। | Ministry of Education ਲਸੰਸਸ਼ੁਦਾ ਹੋਮ ਚਲਾਈਡ ਕੇਅਰ ਏਜੰਸੀਆਂ ਨੂੰ ਲਸੰਸ ਦਿੰਦੀ ਅਤੇ ਨਿਗਰਾਨੀ ਕਰਦੀ ਹੈ। ਏਜੰਸੀ ਚਾਈਲਡ ਕੇਅਰ ਹੋਮ ਦੀ ਨਿਗਰਾਨੀ ਅਤੇ ਜਾਂਚ ਕਰਦੀ ਹੈ। | ਗ਼ੈਰ-ਲਸੰਸੀ ਚਾਈਲਡ ਕੇਅਰ ਥਾਂ, ਜਿਸ ਦੀ ਨਿਗਰਾਨੀ ਨਹੀਂ ਕੀਤੀ ਜਾਂਦੀ ਹੈ ਅਤੇ ਸ਼ਿਕਾਇਤ ਤੋਂ ਬਿਨਾਂ ਜਾਂਚ ਨਹੀਂ ਹੁੰਦੀ ਹੈ। |
| **ਸਟਾਫ਼ ਯੋਗਤਾਵਾਂ (College of Early Childhood Educators ਨਾਲ ਰਜਿਸਟਰ = RECE)** | ਹਰ ਗਰੁੱਪ ਦਾ ਘੱਟੋ-ਘੱਟ ਇੱਕ ਸਟਾਫ਼ RECE ਨਾਲ ਰਜਿਸਟਰ ਹੋਣਾ ਚਾਹੀਦਾ ਹੈ।<br><br>ਸਾਰੇ ਸਟਾਫ਼ ਨੂੰ ਸਟੈਂਡਰਡ ਫਸਟ ਏਡ ਅਤੇ CPR ਵਿੱਚ ਸਰਟੀਫ਼ਾਈਡ ਹੋਣਾ ਚਾਹੀਦਾ ਹੈ। | ਏਜੰਸੀ ਤੋਂ RECE ਹੋਮ ਵਿਜ਼ਿਟਰ ਵਵੱਲੋਂ ਟਰੇਨਿੰਗ ਅਤੇ ਨਿਗਰਾਨੀ।<br><br>ਸਟੈਂਡਰਡ ਫਸਟ ਏਡ ਅਤੇ CPR ਵਿੱਚ ਸਰਟੀਫ਼ਾਈਡ ਹੋਣਾ ਜ਼ਰੂਰੀ ਹੈ। | ਅਣਜਾਣ |
| **ਪੁਲਸ ਵੇਲਨਰਬਲ ਸੈਕਟਰ ਚੈਕ** | ਹਾਂ | ਹਾਂ। ਘਰ ਵਿੱਚ 18 ਸਾਲ ਜਾਂ ਵੱਧ ਉਮਰ ਦੇ ਹਰ ਰਿਹਾਇਸ਼ੀ ਲਈ ਪੁਲਸ ਰਿਕਾਰਡ ਚੈਕ ਸਾਫ਼ ਚਾਹੀਦਾ ਹੈ। | ਨਹੀਂ |
| **ਸਮਰੱਥਾ ਅਤੇ ਸਟਾਫ਼: ਬੱਚਿਆਂ ਦਾ ਅਨੁਪਾਤ** | **ਲਸੰਸ ਅਨੁਪਾਤ:**<br>**ਨਿਆਣੇ**<br>ਹਰ 3 ਬੱਚਿਆਂ ਲਈ 1 ਸਟਾਫ਼<br>**ਬਾਲ**<br>ਹਰ 5 ਬੱਚਿਆਂ ਲਈ 1 ਸਟਾਫ਼<br>**ਪ੍ਰੀ-ਸਕੂਲ**<br>ਹਰ 8 ਬੱਚਿਆਂ ਲਈ 1 ਸਟਾਫ਼<br>**ਕਿੰਡਰਗਾਰਡਨ**<br>ਹਰ ਦੇ 13 ਬੱਚਿਆਂ ਲਈ 1 ਸਟਾਫ਼<br>**ਪ੍ਰਾਇਮਰੀ ਤੇ ਜੂਨੀਅਰ ਸਕੂਲ ਉਮਰ**<br>ਹਰ 15 ਬੱਚਿਆਂ ਲਈ 1 ਸਟਾਫ਼ | **ਵੱਧ ਤੋਂ ਵੱਧ 6 ਬੱਚੇ**, 13 ਸਾਲ ਜਾਂ ਉਸ ਤੋਂ ਘੱਟ, ਜਿਸ ਵਿੱਚ ਸੇਵਾ ਦੇਣ ਵਾਲੇ ਦੇ ਆਪਣੇ ਬੱਚੇ, ਜੋ ਕਿ 4 ਸਾਲ ਤੋਂ ਘੱਟ ਹੋਣ, ਵੀ ਸ਼ਾਮਲ ਹਨ। 2 ਸਾਲ ਜਾਂ ਘੱਟ ਉਮਰ ਦੇ ਤਿੰਨ ਬੱਚਿਆਂ ਤੋਂ ਵੱਧ ਨਹੀਂ। | **ਵੱਧ ਤੋਂ ਵੱਧ 5 ਬੱਚੇ**, 13 ਸਾਲ ਜਾਂ ਉਸ ਤੋਂ ਘੱਟ, ਜਿਸ ਵਿੱਚ ਸੇਵਾ ਦੇਣ ਵਾਲੇ ਦੇ ਆਪਣੇ ਬੱਚੇ, ਜੋ ਕਿ 4 ਸਾਲ ਤੋਂ ਘੱਟ ਹੋਣ, ਵੀ ਸ਼ਾਮਲ ਹਨ। 2 ਸਾਲ ਜਾਂ ਘੱਟ ਉਮਰ ਦੇ ਤਿੰਨ ਬੱਚਿਆਂ ਤੋਂ ਵੱਧ ਨਹੀਂ। |

| | ਲਸੰਸਸ਼ੁਦਾ ਚਲਾਈਡ ਕੇਅਰ ਸੈਂਟਰ | ਲਸੰਸਸ਼ੁਦਾ ਹੋਮ ਚਲਾਈਡ ਕੇਅਰ | ਗ਼ੈਰ-ਲਸੰਸੀ ਹੋਮ ਚਲਾਈਡ ਕੇਅਰ |
|---|---|---|---|
| ਚਲਾਈਡ ਕੇਅਰ ਸਬਸਿਡੀ ਮੌਜੂਦ ਹੈ | ਹਾਂ | ਹਾਂ | ਨਹੀਂ |
| ਕੰਮਕਾਜੀ ਘੰਟੇ | **ਚਾਈਲਡ ਕੇਅਰ ਸੈਂਟਰਾਂ** ਲਈ ਵੱਖ-ਵੱਖ ਹੋ ਸਕਦੇ ਹਨ, ਪਰ ਅਕਸਰ ਸਵੇਰੇ 7 ਵਜੇ ਤੋਂ ਲੈਕੇ ਸ਼ਾਮ 6 ਵਜੇ, ਸੋਮਵਾਰ ਤੋਂ ਸ਼ੁੱਕਰਵਾਰ | ਲੋੜ ਮੁਤਾਬਕ ਘੰਟੇ ਕਮ ਵੀ ਹੋ ਸਕਦੇ ਹਨ, ਪਰ ਅਕਸਰ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ, ਸੋਮਵਾਰ ਤੋਂ ਸ਼ੁੱਕਰਵਾਰ | ਸੇਵਾ ਦੇਣ ਵਾਲੇ ਅਤੇ ਪਰਿਵਾਰ ਦੇ ਵਿਚਾਲੇ ਸਹਿਮਤੀ ਦੇ ਮੁਤਾਬਕ |

**ਹੋਰ ਜਾਣਕਾਰੀ www.ontario.ca/page/types-child-care ਤੋਂ ਲਵੋ**

# ਚਲਾਈਡ ਕੇਅਰ ਦੀ ਖ਼ਰਚੇ ਕੀ ਹਨ?

ਲਸੰਸਸ਼ੁਦਾ ਚਾਈਲਡ ਕੇਅਰ ਦੇ ਖ਼ਰਚੇ ਇੱਕ ਥਾਂ ਤੋਂ ਦੂਜੇ ਤੋਂ ਵੱਖਰੇ ਹੋ ਸਕਦੇ ਹਨ ਅਤੇ ਨਿਰਭਰ ਕਰਦੇ ਹਨ

**A** ਬੱਚੇ ਦੀ ਉਮਰ, **B** ਕੇਅਰ ਦੇ ਘੰਟੇ ਅਤੇ **C** ਪ੍ਰੋਗਰਾਮ ਦੀ ਕਿਸਮ ’ਤੇ।

ਤੁਸੀਂ ਆਪਣੇ ਇਨਕਮ ਟੈਕਸ ਲਈ ਚਾਈਲਡ ਕੇਅਰ ਖ਼ਰਚਿਆਂ ਨੂੰ ਕਲੇਮ ਕਰ ਸਕਦੇ ਹੋ। ਆਪਣੇ ਰਿਕਾਰਡ ਲਈ ਸਾਰੀਆਂ ਰਸੀਦਾਂ ਰੱਖੋ।

# ਚਾਈਲਡ ਕੇਅਰ ਸਬਸਿਡੀ ਕੀ ਹੈ?

ਚਾਈਲਡ ਕੇਅਰ ਸਬਸਿਡੀ ਰਕਮ ਦੀ ਮਾਤਰਾ ਘਟਾਉਣ ਲਈ ਮਦਦ ਕਰਦੀ ਹੈ, ਜੋ ਕਿ ਤੁਸੀਂ ਆਪਣੇ 12 ਸਾਲ ਜਾਂ ਘੱਟ ਉਮਰ ਦੇ ਬੱਚਿਆਂ ਲਈ ਚਾਈਲਡ ਕੇਅਰ ਲਈ ਖ਼ਰਚਦੇ ਹੋ। ਪੀਲ (Peel) ਖੇਤਰ ਸਬਸਿਡੀ ਦਿੰਦਾ ਹੈ ਅਤੇ ਪਰਿਵਾਰ ਦੀ ਆਮਦਨ ਅਤੇ ਹੇਠ ਦਿੱਤੇ ਮਾਪਢੰਡ ਦੀ ਪੜਤਾਲ ਕਰਕੇ ਪਤਾ ਲਗਾਉਂਦਾ ਹੈ ਕਿ ਕੀ ਪਰਿਵਾਰ ਇਸ ਲਈ ਪਾਤਰ ਹੈ:

- 12 ਸਾਲ ਜਾਂ ਘੱਟ ਉਮਰ ਦੇ ਬੱਚਿਆਂ ਨਾਲ ਪੀਲ (Peel) ਵਿੱਚ ਰਹਿੰਦੇ ਹੋ।
- ਨੌਕਰੀ ਕਰਦੇ ਹੋ ਜਾਂ ਸਕੂਲ ਜਾ ਰਹੇ ਹੋ।
- ਤੁਹਾਡੀ ਪਿਛਲੇ ਸਾਲ ਦੀ ਇਨਕਮ ਟੈਕਸ ਰਿਟਰਨ ਭਰੀ ਹੈ (ਜੇ ਤੁਸੀਂ ਇਸ ਵਰ੍ਹੇ ਹੀ ਕੈਨੇਡਾ ਆਏ ਹੋ ਤਾਂ ਤੁਸੀਂ ਇਸ ਦੀ ਬਜਾਏ ਆਪਣਾ Canada Child Benefit (CCB) ਨੋਟਿਸ ਦੇ ਸਕਦੇ ਹੋ)।

ਜੇ ਤੁਸੀਂ Ontario Works ਪ੍ਰਾਪਤ ਕਰਦੇ ਹੋ ਤਾਂ ਆਪਣੇ Ontario Works Caseworker ਨਾਲ ਸੰਪਰਕ ਕਰੋ।

ਚਾਈਲਡ ਕੇਅਰ ਸਬਸਿਡੀ ਲਈ ਆਪਣੀ ਪਾਤਰਤਾ ਦਾ ਪਤਾ ਲਗਾਉਣ ਜਾਂ ਹੋਰ ਜਾਣਕਾਰੀ ਹਾਸਲ ਕਰਨ ਲਈ ਵੇਖੋ: www.peelregion.ca/childcare-subsidy

ਕਿਹੜੇ ਚਾਈਲਡ ਕੇਅਰ ਪ੍ਰਦਾਨਕ ਸਬਸਿਡੀ ਮਨਜ਼ੂਰ ਕਰਦੇ ਹਨ, ਦਾ ਪਤਾ ਲਗਾਉਣ ਲਈ InfoPeel ਨਾਲ 905-890-9432 ਉੱਤੇ ਸੰਪਰਕ ਕਰੋ ਜਾਂ ਵੇਖੋ: InfoPeel.ca



# ਕਾਲ ਕਰੋ ਅਤੇ ਵਿਜ਼ਿਟ ਕਰੋ

ਇੱਕ ਵਾਰ ਜਦੋਂ ਤੁਹਾਨੂੰ ਆਪਣੀਆਂ ਲੋੜਾਂ ਬਾਰੇ ਪਤਾ ਲੱਗ ਗਿਆ ਅਤੇ ਮੌਜੂਦ ਲਸੰਸਸ਼ੁਦਾ ਚਾਈਲਡ ਕੇਅਰ ਚੋਣਾਂ ਬਾਰੇ ਜਾਣਕਾਰੀ ਮਿਲ ਗਈ ਤਾਂ ਤੁਸੀਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਢੁੱਕਵੇਂ ਚਾਈਲਡ ਕੇਅਰ ਚੋਣਾਂ ਦੀ ਖੋਜ ਸ਼ੁਰੂ ਕਰ ਸਕਦੇ ਹੋ।

## ਚੁੱਕੇ ਜਾਣ ਵਾਲੇ ਕਦਮ

**A** **InfoPeel ਨਾਲ 905-890-9432 ਉੱਤੇ ਸੰਪਰਕ ਕਰੋ** ਜਾਂ InfoPeel.ca ਨੂੰ ਵੇਖੋ ਅਤੇ ਤਸਦੀਕਸ਼ੁਦਾ *Information and Referral Specialist* ਨਾਲ ਆਨਲਾਈਨ ਚੈਟ ਕਰੋ, ਜੋ ਕਿ ਤੁਹਾਨੂੰ ਤੁਹਾਡੇ ਪਰਿਵਾਰ ਦੀਆਂ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਨ ਲਈ ਚਾਈਲਡ ਕੇਅਰ ਚੋਣ ਕਰਨ ਲਈ ਮਦਦ ਕਰੇਗਾ।

**B** ਜੇ ਤੁਸੀਂ ਖਾਸ ਚਾਈਲਡ ਕੇਅਰ ਥਾਵਾਂ ਦੇ ਬਾਰੇ ਹੋਰ ਜਾਣਕਾਰੀ ਚਾਹੁੰਦੇ ਹੋ ਤਾਂ ਪ੍ਰਦਾਨਕਾਂ ਨਾਲ ਸਿੱਧਾ ਸੰਪਰਕ ਕਰੋ। ਸਫ਼ੇ 4 ਉੱਤੇ "ਪੁੱਛਣ ਲਈ ਆਮ ਸਵਾਲ" ਨੂੰ ਵੇਖੋ।

**C** ਜਦੋਂ ਇੱਕ ਵਾਰ ਤੁਸੀਂ ਫ਼ੈਸਲਾ ਕਰ ਲਿਆ ਕਿ ਕਿਹੜਾ ਚਾਈਲਡ ਕੇਅਰ ਪ੍ਰਦਾਨਕ ਤੁਹਾਡੇ ਪਰਿਵਾਰ ਲਈ ਸਭ ਤੋਂ ਵਧੀਆ ਹੈ ਤਾਂ ਉਹਨਾਂ ਨਾਲ **ਦੌਰਾ ਅਤੇ ਗੱਲ ਕਰਨ ਦਾ ਸਮਾਂ ਤੈਅ** ਕਰੋ। ਯਕੀਨੀ ਬਣਾਓ ਕਿ ਉਦੋਂ ਦੌਰਾ ਕਰੋ, ਜਦੋਂ ਹੋਰ ਬੱਚੇ ਉੱਥੇ ਹੋਣ। ਇਹ ਤੁਹਾਡੇ ਅਤੇ ਤੁਹਾਡੇ ਬੱਚੇ ਲਈ ਪ੍ਰੋਗਰਾਮ ਅਤੇ ਸਟਾਫ਼ ਨੂੰ ਵੇਖਣ ਦਾ ਮੌਕਾ ਹੁੰਦਾ ਹੈ। ਤੁਹਾਡੇ ਬੱਚੇ ਵਲੋਂ ਵਰਤੇ ਜਾਣ ਵਾਲੇ ਸਾਰੇ ਕਮਰਿਆਂ ਦਾ ਦੌਰਾ ਕਰੋ ਤਾਂ ਕਿ ਤੁਸੀਂ ਨਾ ਸਿਰਫ਼ ਥਾਂ ਵੇਖੋ, ਬਲਕਿ ਬੱਚਿਆਂ ਅਤੇ ਸਟਾਫ਼ ਵਿਚਾਲੇ ਤਾਲਮੇਲ ਵੀ ਵੇਖੋ। ਵੱਖ-ਵੱਖ ਸਰਗਰਮੀਆਂ ਵੇਖਣ ਲਈ ਸਮਾਂ ਲਾਓ।

ਜਿਹੜੇ ਪਰਿਵਾਰਾਂ ਨੂੰ ਆਪਣੇ ਬੱਚੇ, ਜੋ ਕਿ ਲਸੰਸਸ਼ੁਦਾ ਚਾਈਲਡ ਕੇਅਰ ਵਿੱਚ ਜਾ ਰਹੇ ਹੋਣ, ਦੇ ਵਿਕਾਸ ਬਾਰੇ ਫ਼ਿਕਰ ਹੋਣ, ਉਹ ਵਾਧੂ ਸਹਾਇਤਾ ਲੈ ਸਕਦੇ ਹਨ। Peel Inclusion Resource Services (PIRS) ਯਕੀਨੀ ਲਈ ਮਦਦ ਕਰਦੀ ਹੈ ਕਿ ਚਾਈਲਡ ਕੇਅਰ ਦਾ ਮਾਹੌਲ ਉਸਾਰੂ ਅਤੇ ਸ਼ਾਮਲ ਰੱਖਣ ਵਾਲਾ ਹੋਵੇ। Peel Inclusion Resource Services ਬਾਰੇ ਹੋਰ ਜਾਣਕਾਰੀ ਲਈ ਵੇਖੋ www.peelregion.ca/children/special-needs-child-care.asp

## ਪੜਾਅ 4

# ਆਪਣਾ ਫ਼ੈਸਲਾ ਲਵੋ

ਚਾਈਲਡ ਕੇਅਰ ਸੈਟਿੰਗ ਦਾ ਦੌਰਾ ਕਰਨ ਦੇ ਬਾਅਦ ਤੁਸੀਂ ਇਹ ਫ਼ੈਸਲਾ ਕਰਨ ਲਈ ਤਿਆਰ ਹੋ ਸਕਦੇ ਹੋ ਕਿ ਕੀ ਇਹ ਤੁਹਾਡੇ ਪਰਿਵਾਰ ਦੀਆਂ ਲੋੜਾਂ ਨੂੰ ਪੂਰਦਾ ਹੈ। ਜਦੋਂ ਫ਼ੈਸਲਾ ਕਰਨਾ ਹੋਵੇ ਤਾਂ ਇਸ ਬਾਰੇ ਸੋਚੋ:

ਕਿਹੜੀ ਥਾਂ ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਪੂਰਾ ਕਰਦੀ ਹੈ? ਕੀ ਇਹ ਤੁਹਾਡੇ ਲਈ ਕਿਫ਼ਾਇਤੀ ਹੈ ਅਤੇ ਸੌਖੀ ਥਾਂ ਮੌਜੂਦ ਹੈ?

ਕੀ ਪ੍ਰੋਗਰਾਮ ਵਿੱਚ ਬੱਚੇ ਖੁਸ਼ ਅਤੇ ਰੁੱਝੇ ਹੋਏ ਹਨ?

ਕੀ ਤੁਸੀਂ ਆਪਣੇ ਬੱਚੇ ਨੂੰ ਉੱਥੇ ਛੱਡ ਕੇ ਜਾਣਾ ਸੌਖਾ ਮਹਿਸੂਸ ਕਰੋਗੇ? ਕੀ ਤੁਸੀਂ ਪ੍ਰਦਾਨਕ ਨਾਲ ਆਪਣੀਆਂ ਭਾਵਨਾਵਾਂ ਤੇ ਫ਼ਿਕਰਾਂ ਨੂੰ ਸਾਂਝਾ ਕਰਨ ਲਈ ਸੌਖਾ ਮਹਿਸੂਸ ਕਰੋਗੇ?

ਕੀ ਤੁਸੀਂ ਸਾਰੀਆਂ ਪਾਲਸੀਆਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕਰ ਸਕਦੇ ਹੋ?



# ਇਕਰਾਰਨਾਮਾ

- ਤਸਦੀਕ ਕਰੋ ਕਿ ਤੁਹਾਡੇ ਵੱਲੋਂ ਚੁਣੇ ਗਏ ਚਾਈਲਡ ਕੇਅਰ ਪ੍ਰਦਾਨਕ ਕੋਲ ਤੁਹਾਡੇ ਬੱਚੇ ਲਈ ਖਾਲੀ ਥਾਂ ਮੌਜੂਦ ਹੈ।

- ਕੁਝ ਚਲਾਈਡ ਕੇਅਰ ਪ੍ਰਦਾਨਕ ਕੋਲ ਮਾਪਿਆਂ ਲਈ ਕਿਤਾਬ ਅਤੇ/ਜਾਂ ਖ਼ਰਚਿਆਂ, ਫ਼ੀਸ ਭੁਗਤਾਨ ਦੇ ਸਮੇਂ, ਛੁੱਟੀਆਂ, ਬੀਮਾਰੀ ਪਾਲਸੀ ਤੇ ਹੋਰਾਂ ਦੇ ਨਾਲ ਲਿਖਤੀ ਇਕਰਾਰਨਾਮੇ ਹੋ ਸਕਦੇ ਹਨ। **ਇਕਰਾਰਨਾਮੇ ਉੱਤੇ ਦਸਤਖਤ ਕਰਨ ਤੋਂ ਪਹਿਲਾਂ ਕਾਪੀਆਂ ਮੰਗੋ।**

- ਕੇਅਰ ਦੀਆਂ ਸ਼ਰਤਾਂ ਦੇ ਨਾਲ ਲਿਖਤੀ ਰੂਪ ਵਿੱਚ **ਇਕਰਾਰ** ਨਾਲ ਪ੍ਰੋਗਰਾਮ ਪ੍ਰਸ਼ਾਸ਼ਨ ਨਾਲ ਤੁਸੀਂ ਸਹਿਮਤ ਹੁੰਦੇ ਹੋ। ਇਹ (ਮਾਲਕ, ਲਸੰਸਧਾਰਕ ਜਾਂ ਸੁਪਰਵਾਈਜ਼ਰ) ਹੋ ਸਕਦਾ ਹੈ।

- ਸ਼ੁਰੂ ਦੇ ਸਮੇਂ ਦਾ ਪ੍ਰਬੰਧ ਕਰੋ ਅਤੇ ਸੇਵਾ ਦੇਣ ਵਾਲੇ ਨੂੰ ਪੁੱਛੋ ਕਿ ਉਹਨਾਂ ਦੇ **ਪ੍ਰੋਗਰਾਮ ਵਿੱਚ ਤੁਹਾਡੇ ਬੱਚੇ ਨੂੰ ਅਡਜੱਸਟ ਕਰਨ ਲਈ ਸਭ ਤੋਂ ਸਹਾਇਤਾ ਕਿਵੇਂ ਹੋ ਸਕਦੀ** ਹੈ।

# ਪ੍ਰੋਗਰਾਮ ਅਤੇ ਕੇਅਰ ਦੇ ਘੰਟਿਆਂ ਲਈ ਪੁੱਛੋ

## ਜਾਣ ਵਾਲੇ ਆਮ ਸਵਾਲ:

- ਕੀ ਪਾਲਸੀਆਂ ਅਤੇ ਪ੍ਰਕਿਰਿਆਵਾਂ ਬਾਰੇ ਮਾਪਿਆਂ ਲਈ ਕੋਈ ਕਿਤਾਬ ਹੈ?
- ਕੇਅਰ ਲਈ ਘੰਟੇ ਕਿਹੜੇ ਹਨ? ਕੀ ਕੋਈ ਲੇਟ ਲੈ ਕੇ ਜਾਣ ਲਈ ਫੀਸ ਹੈ?
- ਮੇਰੇ ਬੱਚੇ ਨੂੰ ਕੌਣ ਲੈ ਜਾ ਅਤੇ ਛੱਡ ਕੇ ਜਾ ਸਕਦਾ ਹੈ?
- ਇਸ ਦੇ ਸੰਬੰਧੀ ਕੀ ਪਾਲਸੀਆਂ ਹਨ:
  - ਖੁੰਝੇ ਦਿਨਾਂ ਜਿਵੇਂ ਕਿ ਛੁੱਟੀਆਂ ਜਾਂ ਬੀਮਾਰੀ ਆਦਿ ਲਈ ਫ਼ੀਸ ਦੇਣੀ ਪੈਂਦੀ ਹੈ;
  - ਬੀਮਾਰੀ? ਕੀ ਮੇਰੇ ਬੱਚੇ ਨੂੰ ਘਰੇ ਭੇਜਿਆ ਜਾਵੇਗਾ ਜਾਂ ਉਹ ਰਹਿ ਸਕਦੇ ਹਨ?
  - ਮੇਰੇ ਬੱਚੇ ਨੂੰ ਦਵਾਈ ਦਿੱਤੀ ਜਾਵੇਗੀ?
- ਮੇਰੇ ਬੱਚੇ ਲਈ ਕਿਹੜੇ ਪ੍ਰੋਗਰਾਮ ਅਤੇ ਸਹਾਇਤਾ ਮੌਜੂਦ ਹੈ?
- ਤੁਹਾਡੇ ਸਟਾਫ਼ ਕੋਲ ਕਿਹੜੀ ਟਰੇਨਿੰਗ ਅਤੇ ਯੋਗਤਾ ਹੈ?
- ਕੀ ਪ੍ਰੋਗਰਾਮ ਵਿੱਚ ਹੋਰ ਬਾਲਗ ਵਰਕਿੰਗ/ਵਲੰਟੀਅਰਿੰਗ ਦੇ ਵਿਦਿਆਰਥੀ ਹਨ? ਉਹਨਾਂ ਨੂੰ ਕਿੰਨੀ ਵਾਰ ਅਤੇ ਕੀ ਜ਼ੁੰਮੇਵਾਰੀਆਂ ਦਿੱਤੀਆਂ ਜਾਂਦੀਆਂ ਹਨ?

## ਖ਼ਰਚੇ ਅਤੇ ਸਬਸਿਡੀਆਂ:

- ਤੁਹਾਡੀ ਚਾਈਲਡ ਕੇਅਰ ਫੀਸ ਕਿੰਨੀ ਹੈ? ਇਸ ਵਿੱਚ ਕੀ ਸ਼ਾਮਿਲ ਹੈ ਅਤੇ ਕੀ ਨਹੀਂ?
- ਕੀ ਤੁਸੀਂ ਚਲਾਈਡ ਕੇਅਰ ਸਬਸਿਡੀ ਮਨਜ਼ੂਰ ਕਰਦੇ ਹੋ?
- ਬਿਲਿੰਗ ਮਿਆਦ ਕੀ ਹੈ? ਕੀ ਇਹ ਹਫ਼ਤੇਵਾਰ ਹੈ ਜਾਂ ਮਹੀਨੇਵਾਰ? ਕੀ ਤੁਸੀਂ ਨਕਦ, ਚੈਕ ਜਾਂ ਪੂਰਵ-ਅਧਿਕਾਰਿਤ ਭੁਗਤਾਨਾਂ ਨੂੰ ਸਵੀਕਾਰ ਕਰਦੇ ਹੋ?
- ਕੀ ਮੈਨੂੰ ਇਨਕਮ ਟੈਕਸ ਲਈ ਰਸੀਦ ਮਿਲੇਗੀ?

## ਪ੍ਰੋਗਰਾਮ ਫ਼ਿਲੌਸਫ਼ੀ ਅਤੇ ਸਰਗਰਮੀਆਂ:

- ਆਮ ਦਿਨ ਦੇ ਦੌਰਾਨ ਕਿਸ ਕਿਸਮ ਦੀਆਂ ਸਰਗਰਮੀਆਂ ਹੁੰਦੀਆਂ ਹਨ? ਕੀ ਬੱਚਾ ਸਰਗਰਮੀ ਵਿੱਚ ਹਿੱਸਾ ਨਾ ਲੈਣ ਦੀ ਚੋਣ ਕਰ ਸਕਦਾ ਹੈ?
- ਤੁਸੀਂ ਨਿੱਘੇ ਜਾਂ ਠੰਢੇ ਮਹੀਨਿਆਂ ਵਿੱਚ ਬਾਹਰੀ ਖੇਡਣ ਲਈ ਪਲਾਨ ਕਿਵੇਂ ਬਣਾਉਂਦੇ ਹੋ?
- ਕੀ ਤੁਹਾਡੇ ਕੋਲ ਪਾਲਤੂ ਜਾਨਵਰ ਹਨ? ਕੀ ਤੁਸੀਂ ਫ਼ੀਲਡ ਟਰਿੱਪ ਉੱਤੇ ਜਾਂਦੇ ਹੋ? ਕੀ ਤੁਹਾਡੇ ਕੋਲ ਕੋਈ ਮਹਿਮਾਨ ਆਏ ਹਨ? ਇਹਨਾਂ ਲਈ ਕੀ ਪਾਲਸੀਆਂ ਹਨ?
- ਕੀ ਤੁਸੀਂ ਪ੍ਰੋਗਰਾਮ ਵਿੱਚ ਹਿੱਸਾ ਲੈਣ ਜਾਂ ਆਉਣ ਲਈ ਮਾਪਿਆਂ ਨੂੰ ਉਤਸ਼ਾਹਿਤ ਕਰਦੇ ਹੋ? ਜੇ ਹਾਂ, ਤਾਂ ਕੀ ਉਹਨਾਂ ਨੂੰ ਆਉਣ ਤੋਂ ਪਹਿਲਾਂ ਤੁਹਾਨੂੰ ਦੱਸਣ ਦੀ ਲੋੜ ਹੈ?
- ਮੇਰੇ ਬੱਚੇ ਲਈ ਕਿਹੜੇ ਪ੍ਰੋਗਰਾਮ ਅਤੇ ਸਹਾਇਤਾ ਮੌਜੂਦ ਹੈ?